# ਨਾਟਕ (ਫ਼ਾਸਲੇ) ਦਾ ਵਿਸ਼ਾ-ਵਸਤੂ

**ਸ਼੍ਰੀਮਤੀ ਕੁਲਜੀਤ ਕੌਰ**

**ਐਸੋਸੀਏਟ ਪ੍ਰੋਫੈਸਰ, ਪੰਜਾਬੀ**

**ਹੰਸਰਾਜ ਮਹਿਲਾ ਮਹਾਵਿਦਿਆਲਾ**

**ਬੀ.ਏ. ਸਮੈਸਟਰ-4**

ਇਹ 'ਫਾਸਲੇ' ਨਾਟਕ ਜਤਿੰਦਰ ਬਰਾੜ ਦਾ ਲਿਖਿਆ ਹੋਇਆ ਹੈ। ਉਹ ਕਰਮਸ਼ੀਲ ਨਾਟਕਕਾਰ ਹੈ। ਆਪ ਨੇ ਪੰਜਾਬ ਨਾਟਸ਼ਾਲਾ ਅੰਮ੍ਰਿਤਸਰ ਦੀ ਸਥਾਪਨਾ ਕੀਤੀ, ਜਿਸ ਨੇ ਲਗਾਤਾਰ ਕਈ ਨਾਟਕ ਖੇਡੇ ਹਨ। ਪੰਜਾਬੀ ਨਾਟਕ ਦੇ ਰੰਗਮੰਚ ਦੇ ਖੇਤਰ ਵਿੱਚ ਜਤਿੰਦਰ ਬਰਾੜ ਦਾ ਵਿਸ਼ੇਸ਼ ਯੋਗਦਾਨ ਹੈ। ਉਨ੍ਹਾਂ ਨੇ ਇਕ ਦਰਜਨ ਦੇ ਕਰੀਬ ਨਾਟਕ ਲਿਖੇ ਹਨ। ਇਹ ਨਾਟਕ ਬਹੁਤ ਵਾਰ ਖੇਡਿਆ ਗਿਆ। ਗੁਰੂ ਨਾਨਕ ਭਵਨ, ਪੰਜਾਬ ਨਾਟਸ਼ਾਲਾ, ਦਿੱਲੀ ਦੇ ਰੰਗਮੰਚ ਤੇ ਹੋਰ ਵਿਦਿਅਕ ਅਦਾਰਿਆਂ ਵਿੱਚ ਇਹ ਨਾਟਕ ਖੇਡਿਆ ਗਿਆ ਹੈ। 1991 ਵਿੱਚ ਇਹ ਨਾਟਕ ਲਿਖਿਆ ਗਿਆ ਹੈ।

ਫਾਸਲੇ ਨਾਟਕ 1991 ਵਿੱਚ ਲਿਖਿਆ ਗਿਆ ਹੈ। ਇਸ ਦਾ ਵਿਸ਼ਾ ਆਧੁਨਿਕ ਜੀਵਨ ਦੀਆਂ ਚੁਣੌਤੀਆਂ ਨੂੰ ਦਰਸਾਉਂਦਾ ਹੈ। ਇਸ ਨਾਟਕ ਦੇ ਸਿਰਲੇਖ ਬਾਰੇ ਇਕ ਆਲੋਚਕ ਦਾ ਕਹਿਣਾ ਹੈ ਕਿ 'ਇਸ ਨਾਟਕ ਦਾ ਸਿਰਲੇਖ ਬਹੁਤ ਢੁਕਵਾਂ ਹੈ।' ਨਾਟਕਕਾਰ ਨੇ ਸਮੁੱਚੇ ਨਾਟਕ ਵਿੱਚ 20ਵੀਂ ਸਦੀ ਵਿੱਚ ਸਮਾਜ ਦੇ ਵੱਧ ਰਹੇ ਹਰ ਪੱਧਰ ਦੇ ਫਾਸਲੇ ਵਿਰੁੱਧ ਸੁਚੇਤ ਹੋਣ ਦਾ ਮਾਨਵਵਾਦੀ ਸੁਨੇਹਾ ਦਿੱਤਾ ਹੈ। ਨਾਟਕਕਾਰ ਹਰ ਪਾਠਕ ਦੇ ਦਰਸ਼ਕ ਨੂੰ ਇਸ ਫਾਸਲੇ ਨੂੰ ਖਾਸ ਕਰਨ ਦੀ ਪ੍ਰੇਰਣਾ ਦਿੰਦਾ ਹੈ। (ਰੋਜਾਨਾ ਅਜੀਤ 30 ਅਕਤੂਬਰ, 2005)

ਫਾਸਲੇ ਨਾਟਕ ਵਿੱਚ ਲੇਖਕ ਨੇ ਇਕ ਸਪੇਰਨ ਨੂਰੀ ਦੀ ਖਾਮੋਸ਼ ਮੁਹੱਬਤ ਦਾ ਪ੍ਰਗਟਾਵਾ ਕੀਤਾ ਹੈ। ਉਸਦਾ ਪਿਆਰ ਬਹੁਤ ਨਿਸ਼ਛਲ ਪਵਿੱਦਰ ਸਾਦਗੀ ਭਰਪੂਰ ਹੈ। ਡਾਕਟਰ ਪਾਤਰ ਸਧਾਰਨ ਪੇਂਡੂ ਅਤੇ ਗਰੀਬ ਲੋਕਾਂ ਦੀ ਮਦਦ ਕਰਨ ਵਾਲਾ ਪਾਤਰ ਹੈ। ਜੋ ਨੂਰੀ ਨੂੰ ਪਿਆਰ

ਤਾਂ ਕਰਦਾ ਹੈ ਪਰ ਉਸ ਵਿੱਚ ਇੰਨਾ ਹੌਂਸਲਾ ਨਹੀਂ ਕਿ ਉਹ ਹੇਠਲੇ ਵਰਗ ਨਾਲ ਸੰਬੰਧਿਤ ਨੂਰੀ ਲਈ ਆਪਣੀ ਮੱਧ ਸ਼੍ਰੇਣੀ ਸੋਚ ਬਦਲ ਸਕੇ। ਉਹ ਵਿਖਾਵੇ ਦੀ ਬਿਰਤੀ ਦਾ ਸ਼ਿਕਾਰ ਹੋ ਕੇ ਅਮੀਰ ਘਰ ਦੀ ਕੁੜੀ ਡੌਲੀ ਨਾਲ ਵਿਆਹ ਕਰਵਾ ਲੈਂਦਾ ਹੈ, ਜਿੱਥੇ ਲੇਖਕ ਨੇ ਇਕ ਮੱਧ ਸ਼੍ਰੇਣੀ ਵਿਅਕਤੀ ਦੇ ਕਥਨੀ ਅਤੇ ਕਰਨੀ ਦੇ ਫਾਸਲੇ ਨੂੰ ਪ੍ਰਗਟ ਕੀਤਾ ਹੈ।

ਲੇਖਕ ਨੇ ਹਸਪਤਾਲਾਂ ਵਿੱਚ ਗਰੀਬ ਲੋਕਾਂ ਦੀ ਹੋ ਰਹੀ ਲੁੱਟ ਉਪਰ ਵੀ ਸਾਡਾ ਧਿਆਨ ਦਿਵਾਇਆ ਹੈ। ਲੇਖਕ ਕਰਮਚੰਦ ਨਾਂ ਦਾ ਪਾਤਰ ਉਨ੍ਹਾਂ ਸਭ ਲੋਕਾਂ ਦੀ ਪ੍ਰਤੀਨਿਧਤਾ ਕਰਦਾ ਹੈ, ਜਿਹੜੇ ਲੋਕ ਭ੍ਰਿਸ਼ਟਾਚਾਰ, ਰਿਸ਼ਵਤਖੋਰੀ ਨੂੰ ਵਧਾਉਂਦੇ ਹਨ ਤੇ ਵਿਖਾਵਾ ਕਰਦੇ ਹਨ। ਕਰਮਚੰਦ ਨਾਮ ਦੇ ਪਾਤਰ ਨੇ ਇਸ ਨਾਟਕ ਵਿੱਚ ਉਸ ਨੇ ਆਪਣਾ ਫਰਜ਼ ਬੇਈਮਾਨੀ ਨਾਲ ਨਿਭਾਉਂਦੇ ਹੋਇਆਂ ਗਰੀਬ ਮਜਬੂਰ ਲੋਕਾਂ ਦੀ ਲੁੱਟ ਕੀਤੀ।

ਇਸ ਨਾਟਕ ਦੇ ਪਹਿਲੇ ਦ੍ਰਿਸ਼ ਵਿੱਚ ਕਰਮਚੰਦ ਸੱਪ ਦੇ ਡੰਗੇ ਹੋਏ ਮਰੀਜ਼ ਨੂੰ ਦਵਾਈ ਦੇਣ ਤੋਂ ਇਨਕਾਰ ਕਰਦਾ ਹੋਇਆ ਉਸ ਕੋਲੋਂ ਰਿਸ਼ਵਤ ਲੈ ਕੇ ਫਿਰ ਦਵਾਈ ਦਿੰਦਾ ਹੈ। ਉਸ ਦਾ ਅਜਿਹਾ ਵਿਹਾਰ ਪਾਠਕਾਂ ਨੂੰ ਅਜਿਹੇ ਬੁਰੇ ਲੋਕਾਂ ਤੋਂ ਜਾਣੂ ਕਰਵਾਉਂਦਾ ਹੈ ਜੋ ਗੈਰ-ਇਨਸਾਨੀ ਵਿਹਾਰ ਕਰਦੇ ਹਨ। ਉਹੋ ਨਾਮੋ ਦੇ ਪਤੀ ਦੇ ਬਿਮਾਰ ਹੋਣ ਤੇ ਪੈਸੇ ਨਾ ਹੋਣ ਦੀ ਸੂਰਤ ਵਿੱਚ ਨਾਮੋ ਦੀਆਂ ਕੰਨਾਂ ਦੀਆਂ ਵਾਲੀਆਂ ਲੁੱਟ ਲੈਂਦਾ ਹੈ।

ਕਰਮਚੰਦ ਨਾਟਕ ਦੇ ਅਗਲੇ ਭਾਗ ਵਿੱਚ ਨੂਰੀ ਨਾਲ ਬੁਰਾ ਵਰਤਾਓ ਕਰਦਾ ਹੈ ਕਿਉਂਕਿ ਨੂਰੀ ਮਾਨਵਤਾ ਦੀ ਸੇਵਾ ਕਰਦੀ ਹੋਈ ਮੁਫਤ ਵਿੱਚ ਹੀ ਸੰਪ ਦੇ ਡੰਗਿਆਂ ਦਾ ਇਲਾਜ ਕਰਦੀ ਹੈ। ਕਰਮਚੰਦ ਉਸ ਨੂੰ ਉਕਸਾਉਂਦਾ ਹੈ ਕਿ ਉਹ ਗਰੀਬ ਮਰੀਜਾਂ ਤੋਂ ਦੌਲਤ ਇਕੱਠੀ ਕਰੇ। ਸਕੂਲ ਵਿੱਚ ਸੱਪਾਂ ਨੂੰ ਫੜਨ ਦਾ ਵਿਰੋਧ ਕਰਦਾ ਹੋਇਆ ਕਰਮਚੰਦ ਨੂਰੀ ਨੂੰ ਕਹਿੰਦਾ ਹੈ,

'ਸਕੂਲ ਕੋਲੋਂ ਸੱਪ ਫੜਨ ਵਾਲਿਆਂ ਗੱਲ ਕਮਲੀਏ ਜਦੋਂ ਕਿਸੇ ਬੱਚੇ ਨੂੰ ਲੜਦਾ ਹੈ ਤਾਂ ਜੇ ਪੈਸੇ ਘੱਟ ਹੋਣ ਤਾਂ ਆਪਣੇ-ਆਪ ਵੇਚ ਕੇ ਸਾਨੂੰ ਪੈਸੇ ਦੇਣ ਨੂੰ ਤਿਆਰ ਹੰਦੇ ਹਨ।

ਇਸ ਤਰ੍ਹਾਂ ਲੇਖਕ ਨੇ ਕਰਚੰਦ ਪਾਤਰ ਜਿਹੇ ਸਮਾਜ ਦੇ ਬੁਰੇ ਲੋਕਾਂ ਵੱਲ ਸੰਕੇਤ ਦਿੱਤਾ ਜਿਨ੍ਹਾਂ ਦੀ ਮਾੜੀ ਨੀਅਤ ਨਾਲ ਸਰਕਾਰੀ ਯੋਜਨਾਵਾਂ ਵੀ ਫੇਲ੍ਹ ਹੋ ਜਾਂਦੀਆਂ ਹਨ। ਕਰਮਚੰਦ ਦਾ ਬਦਲਾ ਲੈਣ ਵਾਲਾ ਵਿਹਾਰ ਵੀ ਪਾਠਕਾਂ ਨੂੰ ਅਹਿਸਾਸ ਕਰਵਾਉਂਦਾ ਹੈ। ਕਰਮਚੰਦ

ਵਰਗੇ ਲੋਕ ਨਾ ਤਾਂ ਆਪ ਆਰਾਮ ਨਾਲ ਜਿਉਂਦੇ ਹਨ ਤੇ ਨਾ ਹੀ ਦੂਸਰਿਆਂ ਨੂੰ ਜਿਊਣ ਦਿੰਦੇ ਹਨ।

ਡਾਕਟਰ ਅਤੇ ਨੂਰੀ ਦੇ ਪ੍ਰੇਮ ਨੂੰ ਉਹ ਬਹੁਤ ਨਫਰਤ ਦੀ ਨਜ਼ਰ ਨਾਲ ਵੇਖਦਾ ਹੈ ਤ ਨੂਰੀ ਵਿਰੁੱਧ ਇਕ ਸਾਜਿਸ਼ ਰਚਾਉਂਦਾ ਹੋਇਆ ਡਾਕਟਰ ਦੀ ਮਾਂ ਨਾਲ ਮਿਲ ਕੇ ਉਹ ਨੂਰੀ ਨੂੰ ਲੱਸੀ ਵਿੱਚ ਤੇਜ਼ਾਬ ਪਾ ਕੇ ਪਿਆ ਦਿੰਦਾ ਹੈ ਜਿਸ ਕਾਰਨ ਨੂਰੀ ਮਰਨ ਕਿਨਾਰੇ ਪਹੁੰਚ ਜਾਂਦੀ ਹੈ ਪਰ ਕਰਮਚੰਦ ਨੂੰ ਆਪ ਹੀ ਕੋਈ ਪਛਤਾਵਾ ਨਹੀਂ ਹੁੰਦਾ। ਇਸ ਲਈ ਉਹ ਬੜਾ ਸੁਆਰਥੀ, ਸਾਜਿਸ਼, ਅਮਾਨਵੀ, ਬੇਈਮਾਨ, ਚੁਗਲਖੋਰ ਤੇ ਘਟੀਆ ਕਿਸਮ ਦਾ ਇਨਸਾਨ ਹੈ।

ਇਸ ਇਕਾਂਗੀ ਦਾ ਮੁੱਖ ਪਾਤਰ ਲੇਖਕ ਵਾਸਤੇ ਇਕ ਆਦਰਸ਼ਿਕ ਪਾਤਰ ਤਾਂ ਹੈ ਜਿਹੜਾ ਆਪਣੇ ਕਿੱਤੇ ਨੂੰ ਬੜੀ ਇਮਾਨਦਾਰੀ ਨਾਲ ਨਿਭਾਉਂਦਾ ਹੈ। ਆਪਣੇ ਸਮਾਜਿਕ ਫਰਜ਼ ਵੀ ਨਿਭਾਉਂਦੇ ਇਸ ਲਈ ਆਪਣੇ ਮਾਪਿਆਂ ਦੀ ਸਮਾਜਿਕ ਸਥਿਤੀ ਨੂੰ ਜਾਣਦਾ ਹੋਇਆ। ਆਪਣੇ ਮਾਂ-ਬਾਪ ਦੇ ਕਹਿਣ ਤੇ ਆਪਣੇ ਬਰਾਬਰ ਦੇ ਪਰਿਵਾਰ ਵਿੱਚ ਡੋਲੀ ਨਾਲ ਵਿਆਹ ਕਰ ਲੈਂਦਾ ਹੈ। ਉਹ ਨੂਰੀ ਨੂੰ ਆਪਣੀ ਮਜਬੂਰੀ ਦੱਸ ਕੇ ਕਹਿੰਦਾ ਹੈ।

'ਪਰ ਸਾਡੇ ਸਮਾਜ ਵਿੱਚ ਇਹ ਸਮਾਜਿਕ ਰਿਸ਼ਤੇ ਅਕਸਰ ਧਰਮਾਂ, ਜਾਤਾਂ, ਜਾਇਦਾਦਾਂ ਦੇ ਆਧਾਰ ਤੇ ਬਣਾਏ ਜਾਂਦੇ ਹਨ। ਜਿਹੜੇ ਰਿਸ਼ਤੇ ਸੌਦਿਆਂ ਦੇ ਆਧਾਰ ਤੇ ਹੋਣ, ਉਹ ਪਿਆਰ ਦੇ ਰਿਸ਼ਤੇ ਨਹੀਂ ਬਣ ਸਕਦੇ।' ਡਾਕਟਰ ਦੀ ਅਜਿਹੀ ਸੋਚ ਮੱਧ ਸ਼੍ਰੇਣੀ ਲੋਕਾਂ ਦੀ ਗੁਲਾਮ ਮਾਨਸਿਕਤਾ ਵੱਲ ਸੰਕੇਤ ਕਰਦੀ ਹੈ। ਜਿੱਥੇ ਉਹ ਵਿਖਾਵੇ ਦਾ ਸ਼ਿਕਾਰ ਹੋ ਕੇ ਆਪਣੀ ਆਜ਼ਾਦੀ ਨਾਲ ਜੀ ਨਹੀਂ ਸਕਦੇ। ਨੂਰੀ ਡਾਕਟਰ ਦੇ ਬੁਰੇ ਵਿਹਾਰ ਦੇ ਬਾਵਜੂਦ ਜਦੋਂ ਡੋਲੀ ਨੂੰ ਸੱਪ ਲੜ ਜਾਂਦਾ ਹੈ ਤਾਂ ਉਸ ਦਾ ਜਹਿਰ ਚੂਸਣ ਲਈ ਚੱਲ ਪੈਂਦੀ ਹੈ ਤੇ ਡੋਲੀ ਨੂੰ ਬਚਾ ਲੈਂਦੀ ਹੈ। ਇਸ ਰਾਹੀਂ ਲੇਖਕ ਇਹ ਦੱਸਣਾ ਚਾਹੁੰਦਾ ਹੈ ਕਿ ਨੂਰੀ ਇਕ ਚੰਗਿਆਈ ਦਾ ਪ੍ਰਤੀਕ ਹੈ ਜੋ ਹਰ ਹਾਲ ਵਿੱਚ ਦੂਜਿਆਂ ਲਈ ਚੰਗਾ ਹੀ ਸੋਚਦੀ ਹੈ। ਉਹ ਆਪਣੀ ਜਾਨ ਦੇ ਕੇ ਵੀ ਆਪਣੇ ਨਿਰਾਸ਼ਾਵਾਦੀ ਹੋਣ ਦਾ ਸੰਕੇਤ ਦਿੰਦੀ ਹੈ।

ਲੇਖਕ ਨੇ ਕਾਵਿਕ ਸਤਰਾਂ ਰਾਹੀਂ ਨੂਰੀ ਦੀ ਮੌਤ ਦੇ ਦੁੱਖ ਦਾ ਬਿਆਨ ਕੀਤਾ ਹੈ -

'ਜ਼ਹਿਰੀ ਨਾਗਾਂ ਦਾ ਜਿਸ ਜ਼ਹਿਰ ਚੂਸਿਆ,

ਮਨੁੱਖੀ ਨਾਗਾਂ ਹੱਥੋਂ ਉਹ ਨੂਰੀ ਮੋਈ'

ਲੇਖਕ ਨੇ ਸ਼ਹਿਰੀ ਜੀਵਨ ਵਿੱਚ ਦੀਆਂ ਕੁੱਝ ਅਜਿਹੀਆਂ ਸਥਿਤੀਆਂ ਵੱਲ ਵੀ ਸੰਕੇਤ ਦਿੱਤਾ ਜਿੱਥੇ ਪ੍ਰਦੂਸ਼ਣ ਦੀ ਸਮੱਸਿਆ, ਪਾਣੀ ਦਾ ਸੰਕਟ, ਪ੍ਰਕਿਰਤੀ ਤੇ ਟੁੱਟਿਆ ਹਇਆ ਜੀਵਨ, ਪੈਸੇ ਦੀ ਦੌੜ ਲੱਗੀ ਹੈ। ਸ਼ਹਿਰੀ ਜੀਵਨ ਵਿੱਚ ਡਾਕਟਰ ਦਾ ਮਸ਼ੀਨ ਨਾਲ ਵਿਹਾਰ ਬਹੁਤ ਨਿੰਦਨ ਯੋਗ ਹੈ। ਲੇਖਕ ਨੇ ਸੰਕੇਤਕ ਪਾਤਰ ਰਾਹੀਂ ਸ਼ਹਿਰੀ ਡਾਕਟਰ ਵੱਲੋਂ ਹੋ ਰਹੀ ਲੁੱਟ ਬਾਰੇ ਦੱਸਿਆ ਹੈ। ਦਾਰਾ, 'ਆਹ, ਆਹ ! ਉੱਥੇ ਸੱਪ ਬਾਹਲੇ ਹੁੰਦੇ ਨੇ, ਦੂਸਰੀ ਨਸਲ ਦੇ ਸੱਪ। ਜਿੱਡਾ ਵੱਡਾ ਸ਼ਹਿਰ, ਓਨੇ ਵੱਡੇ ਜ਼ਹਿਰੀ ਸੱਪ। ਉਨ੍ਹਾਂ ਦੇ ਡੰਗੇ ਦਾ ਬੰਦਾ ਪਾਣੀ ਵੀ ਨਹੀਂ ਮੰਗਦਾ।'

ਨਾਟਕ ਵਿੱਚ ਡਾਕਟਰ ਦਾ ਵਿਹਾਰ ਕਿੱਤੇ ਪ੍ਰਤੀ ਇਮਾਨਦਾਰ, ਫੈਸਲਾ ਲੈਣ ਦੀ ਸਥਿਤੀ ਵਿੱਚ ਦੁਚਿੱਤੀ ਦਾ ਸ਼ਿਕਾਰ ਆਪਣੀ ਪਤਨੀ ਪ੍ਰਤੀ ਸੁਹਿਰਦ ਨਹੀਂ, ਉਹ ਨੂਰੀ ਨਾਲ ਵਫਾਦਾਰੀ ਨਹੀਂ ਕਰਦਾ ਅਤੇ ਉਹ ਵਿਖਾਵੇ ਦਾ ਸ਼ਿਕਾਰ ਪਾਤਰ ਹੈ।

ਸਮੁੱਚੇ ਤੌਰ ਤੇ ਡੌਲੀ ਨਾਂ ਦੀ ਇਸਤਰੀ ਪਾਤਰ ਤੇ ਡਾਕਟਰ ਦੀ ਮਾਤਾ ਦੋਵੇਂ ਨੂਰੀ ਪ੍ਰਤੀ ਜੋ ਵਿਹਾਰ ਕਰਦੀਆਂ ਹਨ। ਉਸ ਤੋਂ ਪਤਾ ਚੱਲਦਾ ਹੈ ਕਿ **ਔਰਤ ਹੀ ਔਰਤ ਦੀ ਸਭ ਤੋਂ ਵੱਡੀ ਦੁਸ਼ਮਣ ਹੈ।** ਜੋ ਇਕ ਦੂਜੇ ਦੀ ਖੁਸ਼ੀ ਵਿੱਚ ਰੁਕਾਵਟ ਪੈਦਾ ਕਰਦੀਆਂ ਹਨ।

ਇਸ ਨਾਟਕ ਦਾ ਕੇਂਦਰ ਸਿਖਰ ਤੇ ਪਹੁੰਚਣ ਤੱਕ ਡਾਕਟਰ ਦੀ ਮਾਤਾ ਤੇ ਡੌਲੀ ਦਾ ਨੂਰੀ ਪ੍ਰਤੀ ਵਿਹਾਰ ਇਸ ਤੱਤ ਦੀ ਗਵਾਹੀ ਭਰਦਾ ਹੈ ਕਿ ਜਦੋਂ ਅਸੀਂ ਕਿਸੇ ਨੂੰ ਪਿਆਰ ਨਾਲ ਨਹੀਂ ਜਿੱਤਦੇ ਤਾਂ ਉਸ ਪ੍ਰਤੀ ਸਖਤ ਰਵੱਈਆ ਕਰਕੇ ਆਪਣੀ ਤਾਕਤ ਸਿੱਧ ਕਰਨਾ ਚਾਹੁੰਦੇ ਹਾਂ। ਜਿਵੇਂ ਇਸ ਨਾਟਕ ਦੇ ਸਿਖਰ ਤੇ ਡਾਕਟਰ ਦੀ ਮਾਤਾ ਵੱਲੋਂ ਨੂਰੀ ਨੂੰ ਜ਼ਹਿਰ ਦੇ ਕੇ ਮਾਰਨ ਦੀ ਸਾਜ਼ਿਸ਼ ਰਚੀ ਗਈ। ਔਰਤਾਂ ਦੀ ਆਪਸੀ ਈਰਖਾ ਇਕ ਦੂਜੇ ਪ੍ਰਤੀ ਬੁਰਾਈ ਕਰਨ ਦੀ ਭਾਵਨਾ ਇਸ ਨਾਟਕ ਦਾ ਵਿਸ਼ਾ ਬਣਿਆ।

ਬੂਟਾ, ਦਾਰਾ, ਨਾਮੀ, ਛਿੰਦਾ ਸਾਰੇ ਆਮ ਹੇਠਲੇ ਵਰਗ ਲੋਕਾਂ ਦੀ ਪ੍ਰਤੀਨਿਧਤਾ ਕਰਦੇ ਹਨ। 'ਧੀਏ ਸਾਡੇ ਗਰੀਬਾਂ ਦੇ ਖ਼ਾਬ ਵੀ ਕੱਚੇ ਘਰਾਂ ਵਾਂਗ ਹੁੰਦੇ ਨੇ, ਢਹਿੰਦਿਆਂ ਦੇਰ ਨਹੀਂ ਲੱਗਦੀ।'

ਨੂਰੀ ਪਾਤਰ ਆਪਣੇ ਫੈਸਲਿਆਂ ਦਾ ਪ੍ਰਤੀਬੱਧ ਤੇ ਆਪਣੇ ਕਬੀਲੇ ਦੇ ਉਹ ਨਿਯਮ ਜਿਨ੍ਹਾਂ ਅਨੁਸਾਰ ਉਸਨੇ ਸੱਪ ਦੇ ਡੰਗੇ ਦਾ ਮੁਫਤ ਇਲਾਜ ਕਰਨਾ ਹੈ, ਉਹ ਉਸ ਪ੍ਰਤੀ ਈਮਾਨਦਾਰ ਰਹਿੰਦੀ ਹੈ। ਉਸ ਦਾ ਪਿਤਾ ਬਹੁਤ ਅਗਾਂਹਵਧੂ ਵਿਚਾਰਾਂ ਵਾਲਾ ਸੀ ਜਿਸਨੇ ਆਪਣੇ ਕਬੀਲੇ ਦੀ ਉਸ ਪਰੰਪਰਾ ਨੂੰ ਤੋੜਿਆ ਜਿਸ ਦੇ ਤਹਿਤ ਕੁੜੀਆਂ ਨੂੰ ਵੇਚਿਆ ਜਾਂਦਾ ਸੀ। ਇਸ ਦੇ ਬਦਲੇ ਵਿੱਚ ਉਸ ਦੇ ਪਿਤਾ ਨੂੰ ਕਬੀਲੇ ਵਿੱਚੋਂ ਬਾਹਰ ਕੱਢ ਦਿੱਤਾ ਗਿਆ। ਡਾਕਟਰ ਨੂਰੀ ਦੇ ਪਿਤਾ ਨੂੰ ਮਜਬੂਰ ਇਨਸਾਨ ਸਮਝਦਾ ਹੈ ਤੇ ਆਪਣੇ ਪਿਤਾ ਨੂੰ ਬੜਾ ਕਮਜੋਰ ਅਤੇ ਕਾਇਰ ਸਮਝਦਾ ਹੈ ਜੋ ਸਮਾਜਿਕ ਬੰਧਨਾਂ ਤੋਂ ਮੁਕਤ ਨਹੀਂ ਹੋ ਸਕਿਆ ਸੀ। ਉਸ ਨੇ ਡਾਕਟਰ ਨੂੰ ਆਪਣੇ ਬਰਾਬਰ ਦੇ ਪਰਿਵਾਰ ਵਿੱਚ ਵਿਆਹ ਕਰਨ ਲਈ ਮਜਬੂਰ ਕਰ ਦਿੱਤਾ ਸੀ।

ਇਸ ਪ੍ਰਕਾਰ ਫਾਸਲੇ ਨਾਟਕ ਵਿਸ਼ੇ ਦੇ ਧੋਖੇ ਤੇ ਸਾਡੇ ਸਮਾਜ ਵਿੱਚ ਵੱਧ ਰਹੀ ਊਚ-ਨੀਚ, ਜਾਤ-ਪਾਤ ਅਤੇ ਅਮੀਰੀ-ਗਰੀਬੀ ਦੇ ਫਾਸਲੇ ਦੀ ਕਲਾਤਮਿਕ ਢੰਗ ਨਾਲ ਰੌਸ਼ਨੀ ਪਾਉਂਦਾ ਹੈ। ਇਹ ਨਾਟਕ ਜਿੱਥੇ ਦਰਸ਼ਕਾਂ ਦਾ ਮਨੋਰੰਜਨ ਕਰਦਾ ਹੈ, ਉੱਥੇ ਉਨ੍ਹਾਂ ਨੂੰ ਸਮਾਜਿਕ ਮਸਲਿਆਂ ਵਿਰੁੱਧ ਲਾਮਬੱਧ ਹੋਣ ਲਈ ਸੁਨੇਹਾ ਦਿੰਦਾ ਹੈ।

(ਪੰਜਾਬੀ ਟ੍ਰਿਬਿਊਨ 24 ਮਈ, 2005)

ਇਹ ਨਾਟਕ ਰੰਗਮੰਚ ਲੋੜਾਂ ਨੂੰ ਪੂਰਾ ਧਿਆਨ ਵਿੱਚ ਰੱਖ ਕੇ ਲਿਖਿਆ ਗਿਆ ਹੈ। ਲੋਕਾਂ ਨੇ 21ਵੀਂ ਸਦੀ ਦੇ ਆਰੰਭ ਵਿੱਚ ਇਸ ਨਾਟਕ ਨੂੰ ਬਹੁਤ ਵਾਰ ਮੰਚ ਤੇ ਖੇਡਿਆ। ਇਸ ਦੇ ਗੀਤ ਸੁਰਜੀਤ ਪਾਤਰ ਦੁਆਰਾ ਲਿਖੇ ਗਏ ਹਨ। ਇਸ ਵਿੱਚ ਵਗਦੇ ਦਰਿਆ ਦੇ ਕਿਨਾਰੇ, ਚੰਨ ਤਾਰਿਆਂ ਨਾਲ ਭਰਿਆ ਆਸਮਾਨ ਨਾਟਕ ਦੇ ਦ੍ਰਿਸ਼ ਰਿਮੋਟ ਕੰਟਰੋਲ ਰਾਹੀਂ ਇਕ ਦ੍ਰਿਸ਼ ਤੋਂ ਬਾਅਦ ਦੂਜੇ ਦ੍ਰਿਸ਼ ਦਾ ਘੁੰਮਣ ਉਪਰ ਦੂਜਾ ਸੈੱਟ ਆ ਜਾਂਦਾ ਸੀ, ਦੇ ਦਰਸ਼ਕ ਤਾੜੀਆਂ ਮਾਰਨ ਨੂੰ ਮਜਬੂਰ ਸੀ। ਸਾਹਿਤਕ ਰੰਗਮੰਚ ਪੱਖੋਂ ਨਾਟਕ ਸਫਲ ਹੈ।